# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

**ਐਸ.ਸੀ.ਓ 104-106 , ਦੂਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ**

ਫੋਨ ਨੰ: 0172-501565, ਫੈਕਸ ਨੰ: 0172-2624687 ਈ.ਮੇਲ ssapunjab@yahoo.com


## ਹੁਕਮ

ਹੁਕਮ ਨੰ: ਡੀ.ਜੀ.ਐਸ.ਈ/ਇਨਫੋਰਸਮੈਂਟ/2013/4752 ਮਿਤੀ: 6.03.2013

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਸੰਗਰੂਰ ਤੋਂ ਪ੍ਰਾਪਤ ਰਿਪੋਰਟ ਅਨੁਸਾਰ ਉਹ ਆਪਣੀ ਟੀਮ ਸਮੇਤ ਅੱਜ ਮਿਤੀ 6.03.2013 ਨੂੰ ਸਰਕਾਰੀ ਹਾਈ ਸਕੂਲ ਮਾਮਦਪੁਰ ਜਿਲ੍ਹਾ ਸੰਗਰੂਰ ਵਿੱਖੇ ਮਹਿਕਮਾਨਾ ਪੜਤਾਲ ਕਰਨ ਲਈ ਗਏ ਅਤੇ ਪਾਇਆ ਕਿ ਸਕੂਲ ਦਾ ਇੰਚਾਰਜ ਸ੍ਰੀ ਸੁਰਿੰਦਰਪਾਲ ਸਿੰਘ, ਐਸ.ਐਸ ਮਾਸਟਰ, ਸਰਕਾਰੀ ਹਾਈ ਸਕੂਲ ਮਾਮਦਪੁਰ ਜਿਲ੍ਹਾ ਸੰਗਰੂਰ ਸਰਾਬੀ ਹਾਲਤ ਵਿੱਚ ਕਲਾਸ ਰੂਮ ਵਿੱਚ ਬੈਠੇ ਸਨ। ਉਕਤ ਅਧਿਆਪਕ ਵੱਲੋਂ ਵੀ ਸਰਾਬ ਦਾ ਸੇਵਨ ਕਰਨ ਲਈ ਲਿੱਖਤੀ ਰੂਪ ਵਿੱਚ ਆਪਣੀ ਗਲਤੀ ਮੰਨੀ ਹੈ ਅਤੇ ਜਿਸ ਦਾ ਪੁਸ਼ਟੀ ਸਮੂਹ ਸਕੂਲ ਸਟਾਫ ਅਤੇ ਸਕੂਲ ਮਨੇਜਮੈਂਟ ਕਮੇਟੀ ਦੇ ਚੇਅਰਮੈਨ ਅਤੇ ਮੈਬਰਜ਼ ਵੱਲੋਂ ਕੀਤੀ।

ਉਪਰੰਤ ਉਕਤ ਅਧਿਆਪਕ ਦਾ ਡਾਕਟਰੀ ਮੁਆਇਨਾ ਸਿਵਲ ਹਸਤਪਾਲ ਸੰਗਰੂਰ ਤੋਂ ਕਰਵਾਇਆ ਗਿਆ ਅਤੇ ਡਾਕਟਰੀ ਮੁਆਇਨੇ ਵਿੱਚ ਇਸ ਤੱਥ ਦੀ ਪੁਸ਼ਟੀ ਹੋਈ ਕਿ ਉਸਨੇ ਸ਼ਰਾਬ ਪੀਤੀ ਹੋਈ ਹੈ। ਉਸ ਦਾ ਇਹ ਆਚਰਣ ਪਹਿਲੇ ਨਜ਼ਰੇ ਹੀ ਬਹੁਤ ਗੰਭੀਰ ਦੁਰਵਿਹਾਰ ਹੈ। ਇਸ ਦੁਰ ਵਿਹਾਰ ਕਾਰਨ ਸ੍ਰੀ ਸੁਰਿੰਦਰਪਾਲ ਸਿੰਘ, ਐਸ.ਐਸ ਮਾਸਟਰ, ਸਰਕਾਰੀ ਹਾਈ ਸਕੂਲ ਮਾਮਦਪੁਰ ਜਿਲ੍ਹਾ ਸੰਗਰੂਰ ਨੂੰ ਪੰਜਾਬ ਸਿਵਲ ਸੇਵਾਵਾਂ ( ਸਜ਼ਾ ਅਤੇ ਅਪੀਲ) ਨਿਯਮਾਂ ਦੇ ਨਿਯਮ 4(1) ਅਧੀਨ ਤੁਰੰਤ ਮੁਅੱਤਲ ਕੀਤਾ ਜਾਂਦਾ ਹੈ। ਮੁਅੱਤਲੀ ਦੌਰਾਨ ਉਸਦਾ ਹੈਡ ਕੁਆਟਰ ਦਫਤਰ ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਸੰਗਰੂਰ ਵਿਖੇ ਹੋਵੇਗਾ।

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ।

ਪਿਠ ਅੰਕਣ ਨੰ: ਡੀ.ਜੀ.ਐਸ.ਈ/ਇਨਫੋਰਸਮੈਂਟ/2013/4753 ਮਿਤੀ: 6.03.2013

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ :-

1. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ, ਚੰਡੀਗੜ੍ਹ।
2. ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਸੰਗਰੂਰ ।
3. ਸਬੰਧਤ।

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ।